ਵਲੋਂ,

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ,
ਮੋਹਾਲੀ ।

ਵੱਲ

ਸਮੂਹ ਕੇਂਦਰ ਸੁਪਰਡੰਟ / ਕੇਂਦਰ ਕੰਟਰੋਲਰ ,

**ਨੰ:- ਪਸਸਬ-ਸ.ਸ(ਗੁਪਤ)2024/**28-29 **ਮਿਤੀ:** 10-2-2024

**ਵਿਸ਼ਾ:- ਅੱਠਵੀਂ, ਦਸਵੀਂ ਅਤੇ ਬਾਰਵੀਂ ਪ੍ਰੀਖਿਆ ਫਰਵਰੀ/ਮਾਰਚ-2024 ਲਈ ਹੱਲ ਹੋਇਆ ਉੱਤਰ ਪੱਤਰੀਆਂ ਦੇ ਪੈਕਟ ਇੱਕਤਰ ਕੇਂਦਰ ਵਿਖੇ ਜਮ੍ਹਾ ਕਰਵਾਉਣ ਸਬੰਧੀ ।**

ਵਿਸ਼ੇ ਅਧੀਨ ਪ੍ਰੀਖਿਆਵਾਂ ਮਿਤੀ 13-02-2024 ਤੋਂ ਕਰਵਾਈਆ ਜਾ ਰਹੀਆਂ ਹਨ । ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਹੇਠ ਲਿਖੇ ਇੱਕਤਰ ਕੇਂਦਰਾਂ ਤੇ ਜਮ੍ਹਾਂ ਕਰਵਾਏ ਜਾਣੇ ਹਨ। ਸਮੂਹ ਕੇਂਦਰ ਕੰਟਰੋਲਰ ਸਾਹਿਬਾਨ / ਨੁਮਾਂਇਦਾ ਆਪਣੇ ਅਧੀਨ ਪ੍ਰੀਖਿਆ ਕੇਂਦਰਾਂ ਦੀਆਂ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਪ੍ਰੀਖਿਆ ਵਾਲੇ ਦਿਨ ਹੀ, **(ਸਮੇਤ ਭੇਤ-24-A ਪ੍ਰੋਫਾਰਮੇ ਨੂੰ ਸਾਫ-ਸਾਫ ਪੂਰਾ ਭਰਕੇ)** ਪ੍ਰੀਖਿਆ ਸਮਾਪਤ ਹੋਣ ਤੋਂ ਤੁਰੰਤ ਬਾਅਦ ਹੇਠ ਦਰਜ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜਮਾਂ ਕਰਵਾਉਣਗੇ :-

| ਲੜੀ ਨੰ | ਇਕੱਤਰ ਕੇਂਦਰ ਦਾ ਨਾਂ | ਲੜੀ ਨੰ | ਇਕੱਤਰ ਕੇਂਦਰ ਦਾ ਨਾਂ |
|---|---|---|---|
| 1 | ਸਰਕਾਰੀ ਸੀਨੀ.ਸੈਕੰ.ਸਕੂਲ, ਅਜਨਾਲਾ (ਅੰਮ੍ਰਿਤਸਰ) । | 32 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਕਪੂਰਥਲਾ ।** |
| 2 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਅੰਮ੍ਰਿਤਸਰ** | 33 | ਸਰਕਾਰੀ (ਕੰ).ਸੀਨੀ.ਸੈਕੰ.ਸਕੂਲ, ਫਗਵਾੜਾ (ਕਪੂਰਥਲਾ) । |
| 3 | ਜੀ.ਟੀ.ਬੀ.ਖਾਲਸਾ ਸੀਨੀ.ਸੈਕੰ.ਸਕੂਲ, ਬਾਬਾ ਬਕਾਲਾ (ਅੰਮ੍ਰਿਤਸਰ) | 34 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਲੁਧਿਆਣਾ ।** |
| 4 | ਸਰਕਾਰੀ ਸੀਨੀ.ਸੈਕੰ.ਸਕੂਲ, (ਲੜਕੇ) ਪੱਟੀ (ਤਰਨਤਾਰਨ) । | 35 | ਸਰਕਾਰੀ ਸੀਨੀ.ਸੈਕੰ.ਸਕੂਲ, ਜਗਰਾਉਂ (ਲੁਧਿਆਣਾ) । |
| 5 | ਸਰਕਾਰੀ ਸੀਨੀ.ਸੈਕੰ.ਸਕੂਲ, (ਲੜਕੇ), ਤਰਨਤਾਰਨ । | 36 | ਸਰਕਾਰੀ (ਕੰ) ਸੀਨੀ.ਸੈਕੰ.ਸਕੂਲ, ਸਮਰਾਲਾ (ਲੁਧਿਆਣਾ) । |
| 6 | ਸਰਕਾਰੀ ਸੀਨੀ.ਸੈਕੰ.ਸਕੂਲ, ਤਲਵੰਡੀ ਸਾਬੋ (ਬਠਿੰਡਾ) । | 37 | ਸਰਕਾਰੀ (ਕੰ) ਹਾਈ ਸਕੂਲ, ਰਾਮਗੜ੍ਹ, ਸਮਰਾਲਾ ਰੋਡ ਲੁਧਿਆਣਾ । |
| 7 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਬਠਿੰਡਾ ।** | 38 | ਸਰਕਾਰੀ (ਕੰ) ਸੀਨੀ.ਸੈਕੰ.ਸਕੂਲ, ਖੰਨਾ (ਲੁਧਿਆਣਾ) । |
| 8 | ਸਰਕਾਰੀ (ਕੰ). ਸੀਨੀ.ਸੈਕੰ.ਸਮਾਰਟ ਸਕੂਲ, ਰਾਮਪੁਰਾ ਮੰਡੀ (ਬਠਿੰਡਾ) । | 39 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਮੋਗਾ ।** |
| 9 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਫਤਿਹਗੜ੍ਹ ਸਾਹਿਬ ।** | 40 | ਸਰਕਾਰੀ ਮਾਡਲ ਸੀਨੀ.ਸੈਕੰ.ਸਕੂਲ (ਲੜਕੇ) ਬਾਘਾਪੁਰਾਣਾ (ਮੋਗਾ) । |
| 10 | ਡਾ.ਹਰੀ ਸਿੰਘ ਸੇਵਕ ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੇ) ਕੋਟਕਪੂਰਾ (ਫਰੀਦਕੋਟ) । | 41 | ਸਰਕਾਰੀ ਸੀਨੀ.ਸੈਕੰ.ਸਕੂਲ, ਨਿਹਾਲ ਸਿੰਘ ਵਾਲਾ (ਮੋਗਾ) । |
| 11 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਫਰੀਦਕੋਟ ।** | 42 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਸ੍ਰੀ ਮੁਕਤਸਰ ਸਾਹਿਬ ।** |
| 12 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਅਬੋਹਰ (ਫਾਜਿਲਕਾ) ।** | 43 | ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੇ) ਮਲੋਟ (ਸ੍ਰੀ ਮੁਕਤਸਰ ਸਾਹਿਬ । |

| | | | |
|---|---|---|---|
| 13 | ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੀਆਂ) , ਫਾਜ਼ਿਲਕਾ । | 44 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਮਾਨਸਾ ।** |
| 14 | ਸਰਕਾਰੀ (ਕੰ) ਸੀਨੀ.ਸੈਕੰ.ਸਕੂਲ, ਜਲਾਲਾਬਾਦ ਪੱਛਮੀ (ਫਾਜਿਲਕਾ) । | 45 | ਸਰਕਾਰੀ ਸੀਨੀ.ਸੈਕੰ .ਸਕੂਲ (ਲੜਕੇ), ਸਰਦੂਲਗੜ੍ਹ (ਮਾਨਸਾ) । |
| 15 | ਜੇ.ਐਮ.ਸਰਕਾਰੀ ਮਾਡਲ ਸੀਨੀ.ਸੈਕੰ.ਸਕੂਲ, ਜੀਰਾ (ਫਿਰੋਜਪੁਰ) | 46 | ਸਰਕਾਰੀ (ਕੰ) ਸੀਨੀ.ਸੈਕੰ.ਸਕੂਲ, ਬੁਢਲਾਡਾ (ਮਾਨਸਾ) । |
| **16** | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਫਿਰੋਜਪੁਰ ।** | 47 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ) ।** |
| 17 | ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੇ) , ਗੁਰੂ ਹਰਸਹਾਏ (ਫਿਰੋਜਪੁਰ) । | 48 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਪਟਿਆਲਾ ।** |
| **18** | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਪਠਾਨਕੋਟ ।** | 49 | ਸਰਕਾਰੀ ਕੋ ਐਜੂ.ਸੀਨੀ.ਸੈਕੰ.ਸਕੂਲ, ਐਨ.ਟੀ.ਸੀ.ਰਾਜਪੁਰਾ (ਪਟਿਆਲਾ) । |
| 19 | ਸਰਕਾਰੀ ਸੀਨੀ.ਸੈਕੰ.ਸਕੂਲ, ਬਧਾਨੀ (ਪਠਾਨਕੋਟ) । | 50 | ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੇ), ਸਮਾਣਾ (ਪਟਿਆਲਾ) । |
| 20 | ਸਰਕਾਰੀ.ਸੀਨੀ.ਸੈਕੰ.ਸਕੂਲ.(ਲੜਕੇ),ਤਾਰਾਗੜ੍ਹ (ਪਠਾਨਕੋਟ) । | 51 | ਸਰਕਾਰੀ.(ਕੰ) ਸੀਨੀ.ਸੈਕੰ.ਸਕੂਲ ਨਾਭਾ (ਪਟਿਆਲਾ) । |
| **21** | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਗੁਰਦਾਸਪੁਰ ।** | 52 | ਸਰਕਾਰੀ ਸੀਨੀ.ਸੈਕੰ.ਸਕੂਲ, ਪਾਤੜਾਂ (ਪਟਿਆਲਾ) । |
| 22 | ਸਰਕਾਰੀ (ਕੰ) ਸੀਨੀ.ਸੈਕੰ.ਸਕੂਲ ,ਬਟਾਲਾ (ਗੁਰਦਾਸਪੁਰ) । | 53 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਰੂਪ ਨਗਰ ।** |
| 23 | ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੇ), ਡੇਰਾ ਬਾਬਾ ਨਾਨਕ (ਗੁਰਦਾਸਪੁਰ) । | 54 | ਸਰਕਾਰੀ (ਕੰ). ਸੀਨੀ.ਸੈਕੰ.ਸਕੂਲ, ਆਨੰਦਪੁਰ ਸਾਹਿਬ (ਰੂਪ ਨਗਰ) । |
| 24 | ਏ.ਐਸ.ਸੀਨੀ.ਸੈਕੰ.ਸਕੂਲ,ਮੁਕੇਰੀਆਂ (ਹੁਸ਼ਿਆਰਪੁਰ) । | 55 | ਸਰਕਾਰੀ ਸੀਨੀ.ਸੈਕੰ.ਸਕੂਲ ਲੜਕੇ, ਨੰਗਲ (ਰੂਪ ਨਗਰ) । |
| 25 | ਸਰਕਾਰੀ ਸੀਨੀ.ਸੈਕੰ.ਸਕੂਲ, ਟਾਂਡਾ ਉੜਮੁੜ (ਹੁਸ਼ਿਆਰਪੁਰ) । | 56 | ਸਰਕਾਰੀ ਸੀਨੀ.ਸੈਕੰ.ਸਕੂਲ, ਮੋਰਿੰਡਾ, (ਰੂਪ ਨਗਰ) । |
| **26** | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਹੁਸ਼ਿਆਰਪੁਰ ।** | 57 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਐਸ.ਏ.ਐਸ.ਨਗਰ ।** |
| 27 | ਸਰਕਾਰੀ ਸੀਨੀ.ਸੈਕੰ.ਸਕੂਲ, ਗੜ੍ਹਸ਼ੰਕਰ (ਹੁਸ਼ਿਆਰਪੁਰ) । | 58 | ਸਰਕਾਰੀ ਸੀਨੀ.ਸੈਕੰ.ਸਕੂਲ ਡੇਰਾਬਸੀ (ਐਸ.ਏ.ਐਸ.ਨਗਰ) । |
| **28** | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਜਲੰਧਰ ।** | 59 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਸੰਗਰੂਰ ।** |
| 29 | ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੇ) ਨਕੋਦਰ (ਜਲੰਧਰ) । | 60 | ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੇ) ਮਲੇਰਕੋਟਲਾ । |
| 30 | ਸਰਕਾਰੀ (ਕੰ) ਸੀਨੀ.ਸੈਕੰ.ਸਕੂਲ, ਫਿਲੌਰ (ਜਲੰਧਰ) । | 61 | ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੇ) ਮੂਣਕ (ਸੰਗਰੂਰ) । |
| 31 | ਸ੍ਰੀ ਪਾਰਵਤੀ ਜੈਨ ਕੋ. ਐਜੂਕੇਸ਼ਨ ਸੀਨੀ.ਸੈਕੰ.ਸਕੂਲ, ਵਿਜੇ ਨੰਗਰ, ਜਲੰਧਰ । | 62 | **ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਦਫਤਰ, ਬਰਨਾਲਾ (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਰਨਾਲਾ) ।** |

( ਹਦਾਇਤਾਂ)

1. ਇਸ ਸੈਸ਼ਨ ਦੀ ਪ੍ਰੀਖਿਆ ਲਈ ਹੇਠ ਲਿਖੇ ਅਨੁਸਾਰ ਵੱਖ-ਵੱਖ ਚਾਰ ਤਰ੍ਹਾਂ ਦੇ ਪ੍ਰੀਖਿਆਰਥੀਆਂ ਲਈ ਪ੍ਰਸ਼ਨ-ਪੱਤਰ ਭੇਜੇ ਜਾ ਰਹੇ ਹਨ:-

- ਰੈਗੂਲਰ, ਓਪਨ ਸਕੂਲ , ਵਾਧੂ ਵਿਸ਼ਾ, ਕਾਰਗੁਜਾਰੀ ਵਿੱਚ ਵਾਧਾ।
- ਰੀ.ਅਪੀਅਰ / ਕੰਪਾਰਮੈਂਟ।
- ਵਿਲੱਖਣ ਸਮੱਰਥਾ (ਦਿਵਿਆਂਗ) ਜਰਨਲ।
- ਡੀ.ਏ.ਕੋਡ (11) ਕੈਟਾਗਰੀ ਨਾਲ ਸਬੰਧਤ।

ਉਪਰੋਕਤ ਅਨੁਸਾਰ ਕੇਵਲ ਦਸਵੀਂ ਅਤੇ ਬਾਰਵੀਂ ਦੇ ਪ੍ਰੀਖਿਆਰਥੀਆਂ (ਕੈਟਾਗਿਰੀ ਵਾਈਜ਼) ਦੀਆਂ ਪ੍ਰਸ਼ਨ-ਪੱਤਰਾਂ ਅਨੁਸਾਰ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਵੱਖ-ਵੱਖ ਪੈਕਟ ਤਿਆਰ ਕਰਕੇ ਇਕੱਤਰ ਕੇਂਦਰ ਵਿਖੇ ਲੜੀ ਨੰ:8 ਅਨੁਸਾਰ ਜਮ੍ਹਾਂ ਕਰਵਾਏ ਜਾਣ। **ਇਸ ਗੱਲ ਦਾ ਵੀ ਵਿਸ਼ੇਸ਼ ਤੋਰ ਤੇ ਧਿਆਨ ਰੱਖਿਆ ਜਾਵੇ ਕਿ ਬੋਰਡ ਦਫਤਰ ਵੱਲੋ ਜਾਰੀ ਉੱਤਰ ਪੱਤਰੀਆਂ ਹੀ ਵਰਤੀਆ ਜਾਣ। ਕਿਸੇ ਵੀ ਹਾਲਤ ਵਿੱਚ ਪ੍ਰਾਈਵੇਟ / ਸਕੂਲ ਵੱਲੋ ਜਾਰੀ (ਸਾਧਾਰਨ) ਉੱਤਰ ਪੱਤਰੀਆਂ ਦੀ ਵਰਤੋ ਨਾ ਕੀਤੀ ਜਾਵੇ ਜੀ।**

2 . ਇਹ ਯਕੀਨੀ ਬਣਾਇਆਂ ਜਾਵੇ ਕਿ ਹਰੇਕ ਵਿਸ਼ੇ/ਸ਼੍ਰੇਣੀ ਲਈ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਵੱਖਰੇ-ਵੱਖਰੇ ਪੈਕਟ ਤਿਆਰ ਕੀਤੇ ਜਾਣ। ਹੱਲ ਹੋਈਆਂ ਉੱਤਰ ਪੱਤਰੀਆਂ ਦੇ ਪੈਕਟ ਦੇ ਬਾਹਰ ਕੇਂਦਰ ਦਾ ਨਾਂ, ਵਿਸ਼ਾ,ਪ੍ਰੀਖਿਆਰਥੀਆਂ ਦੀ ਗਿਣਤੀ, ਕੇਂਦਰ ਕੋਡ, ਸ਼੍ਰੇਣੀ, ਮਿਤੀ, ਜਿਲ੍ਹਾ ਆਦਿ ਸਾਫ ਅਤੇ ਸਪੱਸ਼ਟ ਅੱਖਰਾਂ ਵਿੱਚ ਲਿਖਿਆ ਜਾਵੇ। ਮੀਮੋ ਤੇ ਸਾਫ-ਸਾਫ ਦਰਜ ਕੀਤਾ ਜਾਵੇ ਕਿ **"ਇਸ ਪ੍ਰੀਖਿਆ ਕੇਂਦਰ ਵਿੱਚ ਇਸ ਵਿਸ਼ੇ ਨਾਲ ਸਬੰਧਤ ਕੋਈ ਵੀ ਹੱਲ ਹੋਈ ਉੱਤਰ ਪੱਤਰੀ/ ਪੈਕਟ ਬਕਾਇਆ ਨਹੀ ਹੈ"**। ਮੀਮੋ ਦੀਆ ਦੋ ਕਾਪੀਆਂ ਹੱਲ ਹੋਈਆਂ ਉਤੱਰ ਪੱਤਰੀਆਂ ਦੇ ਪੈਕਟ ਵਿੱਚ ਰੱਖੀਆ ਜਾਣ।

3. ਹੱਲ ਹੋਈਆਂ ਉਤੱਰ ਪੱਤਰੀਆਂ ਦੇ ਸੀਲ ਬੰਦ ਪੈਕਟ ਕੇਂਦਰ ਕੰਟਰੋਲਰ / ਨੁਮਾਂਇਦੇ ਵੱਲੋ ਹੀ ਸਮੇਂ ਸਿਰ ਨਿਰਧਾਰਿਤ ਇੱਕਤਰ ਕੇਂਦਰ ਤੇ ਜਮ੍ਹਾਂ ਕਰਵਾਏ ਜਾਂਣਗੇ। ਜੇਕਰ ਉਤੱਰ ਪੱਤਰੀਆਂ ਦੇ ਪੈਕਟ ਜਮ੍ਹਾਂ ਕਰਵਾਉਣ ਵਿੱਚ ਦੇਰੀ ਹੋ ਜਾਂਦੀ ਹੈ ਤਾਂ ਇਸ ਸਬੰਧੀ ਨੋਡਲ ਅਫਸਰ/ ਇੰਚਾਰਜ ਇਕੱਤਰ ਕੇਂਦਰ ਅਤੇ ਨਿਮਨ-ਹਸਤਾਖਰੀ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਕੇਂਦਰ ਕੰਟਰੋਲਰ / ਨੁਮਾਂਇਦਾ ਆਪਣੇ ਸਪਸ਼ੱਟੀਕਰਨ ਸਮੇਤ ਇਹ ਪੈਕਟ ਕੰਟਰੋਲਰ ਪ੍ਰੀਖਿਆਵਾਂ ਜੀ ਦੇ ਸਨਮੁੱਖ ਪੇਸ਼ ਹੋ ਕੇ ਬੋਰਡ ਦੇ ਮੁੱਖ ਦਫਤਰ ਵਿੱਚ ਜਮ੍ਹਾਂ ਕਰਵਾਏਗਾ ।

**4. ਹੱਲ ਹੋਈ ਕੋਈ ਵੀ ਉੱਤਰ ਪੱਤਰੀ ਲਾਸਟ ਪੈਕਟ ਵਿੱਚ ਪਾ ਕੇ ਨਾ ਭੇਜੀ ਜਾਵੇ, ਅਜਿਹਾ ਕਰਨ ਦੀ ਸੂਰਤ ਵਿੱਚ ਸਮੁੱਚੀ ਜਿਮੇਵਾਰੀ ਕੇਂਦਰ ਸੁਪਰਡੰਟ ਦੀ ਹੋਵੇਗੀ।**

5 ਯੂ.ਐਮ.ਸੀ. ਕੇਸਾਂ ਨਾਲ ਸਬੰਧਤ ਉਤੱਰ ਪੱਤਰੀਆਂ ਦੇ ਸੀਲ ਬੰਦ ਪੈਕਟ ਵੱਖਰੇ ਤੌਰ ਤੇ ਇੱਕਤਰ ਕੇਂਦਰ ਵਿੱਚ ਜਮ੍ਹਾਂ ਕਰਵਾਏ ਜਾਣ।

6. ਕੰਪਾਰਮੈਂਟ/ਰੀ-ਅਪੀਅਰ ,ਵਾਧੂ ਵਿਸ਼ਾ ਕਾਰਗੁਜਾਰੀ ਵਿੱਚ ਵਾਧਾ ਅਤੇ ਓਪਨ ਸਕੂਲ ਦੇ ਸਾਰੇ ਵਿਸ਼ਿਆ ਦੀਆਂ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸ਼੍ਰੇਣੀ ਵਾਈਜ਼ ਅਤੇ ਵਿਸ਼ੇ ਵਾਈਜ਼ ਵੱਖ-ਵੱਖ ਸੀਲ ਬੰਦ ਪੈਕਟ ਇਕੱਤਰ ਕੇਂਦਰ ਵਿਖੇ ਜਮ੍ਹਾਂ ਕਰਵਾਏ ਜਾਂਣ।

7. ਬੋਰਡ ਦਫਤਰ ਵੱਲੋ ਜਾਰੀ ਸਕੀਮ ਆਫ ਸਟੱਡੀਜ਼ (ਨਾਲ ਨੱਥੀ) ਅਨੁਸਾਰ ਅੱਠਵੀਂ, ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰੀਖਿਆਰਥੀਆਂ ਦੀਆ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਇਕੱਤਰ ਕੇਂਦਰ ਵਿਖੇ ਜਮ੍ਹਾਂ ਕਰਵਾਏ ਜਾਂਣ। ਜਿਨ੍ਹਾਂ ਪ੍ਰੀਖਿਆਰਥੀਆਂ ਦੀ ਮਾਰਕਿੰਗ ਸਕੂਲ ਪੱਧਰ ਤੇ ਹੋਣੀ ਹੈ ਉਹ ਉੱਤਰ ਪੱਤਰੀਆਂ ਇਕੱਤਰ ਕੇਂਦਰ ਤੇ ਜਮ੍ਹਾਂ ਨਾ ਕਰਵਾਈਆਂ ਜਾਂਣ:-

**ੳ.** ਦਸਵੀਂ ਸ਼੍ਰੇਣੀ ਲਈ ਨਾਲ ਨੱਥੀ ਸਕੀਮ ਆਫ ਸਟੱਡੀ ਵਿੱਚ Important Note ਦੇ ਲੜੀ ਨੰ:(v) ਅਨੁਸਾਰ ਗਰੁੱਪ-ਏ ਦੇ ਜ਼ਰੂਰੀ ਵਿਸ਼ਿਆ ਅਤੇ ਗਰੁਪ-ਬੀ ਅਧੀਨ ਕੰਪਿਊਟਰ ਸਾਇੰਸ ਵਿਸ਼ੇ ਦਾ ਮੁਲਾਂਕਣ ਬੋਰਡ ਪੱਧਰ ਤੇ ਕੀਤਾ ਜਾਵੇਗਾ ਜਦੋਂ ਕਿ ਸਿਹਤ ਅਤੇ ਸਰੀਰਕ ਸਿਖਿਆ ਅਤੇ ਚੋਣਵੇਂ/ਪ੍ਰੀ-ਵੋਕੇਸ਼ਨਲ ਜਾਂ ਐਨ.ਐਸ.ਕਿਓ.ਐਫ. ਵਿਸ਼ਿਆ ਦਾ ਮੁਲਾਂਕਣ ਸਕੂਲ ਪੱਧਰ ਤੇ ਕੀਤਾ ਜਾਵੇਗਾ।

**ਅ.** ਦਸਵੀਂ ਸ਼੍ਰੇਣੀ ਲਈ ਨਾਲ ਨੱਥੀ ਸਕੀਮ ਆਫ ਸਟੱਡੀ ਵਿੱਚ Important Note ਦੇ ਲੜੀ ਨੰ:(vi) ਅਨੁਸਾਰ ਵਿਲੱਖਣ ਸਮੱਰਥਾ ਵਾਲੇ ਵਿਦਿਆਰਥੀ ਜੇਕਰ ਗਰੁਪ-ਏ ਵਿੱਚ ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ ਵਿਸ਼ਿਆ ਤੋਂ

ਇਲਾਵਾ ਬਾਕੀ ਪੰਜ ਵਿਸ਼ੇ ਗਰੁੱਪ-ਬੀ ਵਿੱਚੋਂ ਲਾਜ਼ਮੀ ਵਿਸ਼ਿਆ ਦੇ ਤੌਰ ਤੇ ਲੈਂਦਾ ਹੈ ਤਾਂ ਇਨ੍ਹਾ ਵਿਸ਼ਿਆ ਦਾ ਮੁਲਾਂਕਣ ਬੋਰਡ ਪੱਧਰ ਤੇ ਹੋਵੇਗਾ। ਜੇਕਰ ਵਿਦਿਆਰਥੀ ਤਿੰਨ ਹੋਰ ਗਰੇਡਿੰਗ ਵਾਲੇ ਵਿਸ਼ੇ ਗਰੁੱਪ-ਬੀ ਵਿੱਚੋ ਚੋਣਵੇਂ ਵਿਸ਼ੇ ਦੇ ਤੌਰ ਤੇ ਲੈਂਦਾ ਹੈ ਤਾਂ ਇਨ੍ਹਾਂ ਵਿਸ਼ਿਆ ਦਾ ਮੁਲਾਂਕਣ ਸਕੂਲ ਪੱਧਰ ਤੇ ਹੋਵੇਗਾ।

**ੲ.** ਬਾਰਵੀਂ ਪ੍ਰੀਖਿਆ ਦੇ ਰੈਗੂਲਰ ਪ੍ਰੀਖਿਆਰਥੀਆਂ ਲਈ ਸਕੀਮ ਆਫ ਸਟੱਡੀ ਵਿੱਚ Important Note ਦੇ ਲੜੀ ਨੰ:3 ਅਨੁਸਾਰ ਵਾਤਾਵਰਨ ਸਿੱਖਿਆ ਵਿਸ਼ੇ ਦੀਆਂ ਉੱਤਰ ਪੱਤਰੀਆਂ ਦੀ ਮਾਰਕਿੰਗ ਸਕੂਲ ਪੱਧਰ ਤੇ ਕੀਤੀ ਜਾਣੀ ਹੈ । ਬਾਕੀ ਸਾਰੇ ਵਿਸ਼ਿਆ (ਸਮੇਤ ਡੀ.ਏ ਕੋਡ/ਵਿਖੱਲਣ ਸਮਰੱਥਾ ਸੈਲਫ ਸੈਂਟਰ ਵਾਲੇ ) ਦੀਆਂ ਉੱਤਰ ਪੱਤਰੀਆਂ ਦੇ ਪੈਕਟ ਇਕੱਤਰ ਕੇਂਦਰ ਵਿਖੇ ਜਮ੍ਹਾਂ ਕਰਵਾਏ ਜਾਣੇ ਹਨ ।

8 .ਜੇਕਰ ਕਿਸੇ ਵਿਸ਼ੇ ਵਿੱਚ ਕੋਈ ਵੀ ਪ੍ਰੀਖਿਆਰਥੀ ਹਾਜ਼ਰ ਨਹੀ ਹੁੰਦਾ ਤਾਂ ਨਿਲ ਦਾ ਮੀਮੋਂ ਬਣਾ ਕੇ ਭੇਜਿਆ ਜਾਵੇ ।

9. ਸਮੇਂ-ਸਮੇਂ ਤੇ ਸਰਕਾਰ ਵੱਲੋਂ ਕੋਵਿਡ-19 ਬਾਰੇ ਹੋਈਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ।

**ਨੋਟ:- ਵਧੇਰੇ ਜਾਣਕਾਰੀ ਲਈ ਬੋਰਡ ਦਫਤਰ ਵੱਲੋਂ ਨਿਯੁਕਤ ਕੀਤੇ ਜ਼ਿਲ੍ਹਾਂ ਇੰਚਾਰਜ਼ ਨਾਲ ਫੋਨ ਰਾਹੀਂ ਸੰਪਰਕ ਕੀਤਾ ਜਾਵੇ।**

ਸਹੀ/-
ਸਹਾਇਕ ਸਕੱਤਰ ( ਗੁਪਤ)
ਵਾ: ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ।

ਪਿੱਠ ਅੰਕਣ ਨੰ:- ਪਸਸਬ-ਸ.ਸ(ਗੁਪਤ)2024/-28-29------ ਮਿਤੀ: 10-2-2024

ਉਪਰੋਕਤ ਦਾ ਉਤਾਰਾ ਸਮੂਹ ਨੋਡਲ ਅੱਫਸਰ / ਇੰਚਾਰਜ ਇੱਕਤਰ ਕੇਂਦਰ / ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਪੰਜਾਬ ਸਕੂਲ ਸਿਖਿਆ ਬੋਰਡ ਨੂੰ ਭੇਜਦੇ ਹੋਏ ਲਿਖਿਆਂ ਜਾਂਦਾ ਹੈ ਕਿ ਕੇਂਦਰ ਸੁਪਰਡੰਟ / ਕੇਂਦਰ ਕੰਟਰੋਲਰ ਨੂੰ ਉਪਰੋਕਤ ਜਾਰੀ ਹਦਾਇਤਾਂ ਅਤੇ ਨਿਰਧਾਰਿਤ ਕੰਪਿਊਟਰ ਐਪਲੀਕੇਸ਼ਨ / ਐੱਪ ਅਨੁਸਾਰ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਪ੍ਰਾਪਤ ਕਰਕੇ ਬੋਰਡ ਦਫਤਰ ਵੱਲੋ ਡਿਊਟੀ ਤੇ ਭੇਜੇ ਕਰਮਚਾਰੀ ਨੂੰ ਨਿਰਧਾਰਿਤ ਸ਼ਡਿਊਲ/ਮਿਤੀਆਂ ਅਨੁਸਾਰ ਪ੍ਰਾਪਤ ਕਰਵਾਏ ਜਾਣ ।

ਸਹਾਇਕ ਸਕੱਤਰ (ਗੁਪਤ )
ਵਾ: ਸਕੱਤਰ ,ਪੰਜਾਬ ਸਕੂਲ ਸਿੱਖਿਆ ਬੋਰਡ।